15ਵੀਂ ਵਿਧਾਨ ਸਭਾ
ਗਿਆਰਵਾਂ ਸਮਾਗਮ 2020

## ਪੰਜਾਬ ਵਿਧਾਨ ਸਭਾ ਸਕੱਤਰੇਤ
(ਵਿਧਾਨ ਸ਼ਾਖਾ)

ਨੰ: 20-ਐਲ ਏ-2020/2474

ਵਿਸ਼ਾ: ਵੀਰਵਾਰ, 20 ਫਰਵਰੀ, 2020 ਨੂੰ ਗੈਰ-ਸਰਕਾਰੀ ਬਿਲਾਂ/ਮਤਿਆਂ ਦਾ ਲਿਆ ਜਾਣਾ।

ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 30 ਅਧੀਨ 20 ਫਰਵਰੀ, 2020 ਨੂੰ ਆਉਣ ਵਾਲੇ ਵੀਰਵਾਰ ਨੂੰ ਸਰਕਾਰੀ ਕੰਮ-ਕਾਰ ਦੀ ਥਾਂ ਹੋਰ ਕੰਮ ਨੂੰ ਪਹਿਲ ਦਿੱਤੀ ਜਾਵੇਗੀ। ਨਿਯਮ 30 (2) (ਅ), (ੲ) ਅਤੇ (ਸ) ਅਨੁਸਾਰ ਇਸ ਤਰ੍ਹਾਂ ਦਾ ਕੰਮ-ਕਾਰ ਹੇਠ ਲਿਖੀ ਤਰਤੀਬ ਅਨੁਸਾਰ ਲਿਆ ਜਾਵੇਗਾ:-

i) ਬਿਲ, ਜਿਨ੍ਹਾਂ ਨੂੰ ਪੇਸ਼ ਕਰਨ ਸਬੰਧੀ ਆਗਿਆ ਮੰਗੀ ਜਾਣੀ ਹੋਵੇ;
ii) ਆਮ ਲੋਕ ਮਹੱਤਤਾ ਦੇ ਮਾਮਲਿਆਂ ਤੇ ਮਤੇ; ਅਤੇ
iii) ਬਿਲ ਜੋ ਪਹਿਲਾਂ ਪੇਸ਼ ਕੀਤੇ ਜਾ ਚੁੱਕੇ ਹਨ।

2. ਬਿਲਾਂ, ਜਿਨ੍ਹਾਂ ਨੂੰ ਪੇਸ਼ ਕਰਨ ਸਬੰਧੀ ਆਗਿਆ ਮੰਗੀ ਜਾਣੀ ਹੈ, ਦੀ ਦਰਜੇਵਾਰ ਪਹਿਲਤਾ ਦਾ ਨਿਰਣਾ ਪਰਚੀਆਂ ਪਾ ਕੇ ਕੀਤਾ ਜਾਵੇਗਾ, ਜਿਵੇਂ ਕਿ ਉਪਰੋਕਤ ਨਿਯਮਾਵਲੀ ਦੇ ਨਿਯਮ 30 ਦੇ ਉਪ ਨਿਯਮ (3) ਅਧੀਨ ਲੋੜੀਂਦਾ ਹੈ।

3. ਨਿਯਮਾਵਲੀ ਦੀ ਅਨੁਸੂਚੀ 1 ਵਿਚ ਪਰਚੀਆਂ ਪਾਉਣ ਸਬੰਧੀ ਦਿੱਤੀ ਗਈ ਕਾਰਜਵਿਧੀ ਅਨੁਸਾਰ 2 ਨੰਬਰ ਲੱਗੀਆਂ ਸੂਚੀਆਂ, ਇਕ ਬਿਲਾਂ ਦੇ ਸਬੰਧ ਵਿਚ ਜਿਨ੍ਹਾਂ ਨੂੰ ਪੇਸ਼ ਕਰਨ ਸਬੰਧੀ ਆਗਿਆ ਮੰਗੀ ਜਾਣੀ ਹੈ ਅਤੇ ਦੂਜੀ ਮਤਿਆਂ ਦੇ ਸਬੰਧ ਵਿਚ ਸ਼ੁਕਰਵਾਰ, 14 ਫਰਵਰੀ, 2020 ਨੂੰ 10.00 ਵਜੇ ਸਵੇਰੇ ਅਤੇ 4.00 ਵਜੇ ਸ਼ਾਮ ਵਿਚਕਾਰ ਅਤੇ ਸੋਮਵਾਰ 17 ਫਰਵਰੀ, 2020 ਨੂੰ ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਨੋਟਿਸ ਆਫਿਸ (ਰਸੀਦ ਅਤੇ ਡਿਸਪੈਚ ਸੈਕਸ਼ਨ) ਵਿਚ ਖੁੱਲ੍ਹੀਆਂ ਰੱਖੀਆਂ ਜਾਣਗੀਆਂ।

4. ਕੋਈ ਮੈਂਬਰ, ਜੋ ਆਪਣੇ ਨਾਮ ਨੂੰ ਬੈਲਟ ਕਰਵਾਉਣਾ ਚਾਹੁੰਦਾ /ਚਾਹੁੰਦੀ ਹੋਵੇ, ਆਪਣਾ ਨਾਮ, ਮਤਿਆਂ ਦੇ ਸਬੰਧ ਵਿਚ ਨੰਬਰ ਲੱਗੀ ਸੂਚੀ ਵਿਚ ਕੇਵਲ ਇਕ ਨੰਬਰ ਦੇ ਸਾਹਮਣੇ ਅਤੇ ਅਜਿਹੇ ਹਰ ਇਕ ਬਿਲ, ਜਿਸ ਦਾ ਉਸ ਨੇ ਨੋਟਿਸ ਦਿੱਤਾ ਹੋਵੇ ਅਤੇ ਜਿਸ ਨੂੰ ਪੇਸ਼ ਕਰਨ ਦੀ ਆਗਿਆ ਮੰਗੀ ਜਾਣੀ ਹੋਵੇ, ਦੇ ਸਬੰਧ ਵਿਚ ਨੰਬਰ ਲਗੀ ਸੂਚੀ ਵਿਚ ਤਿੰਨ ਨੰਬਰ ਤਕ ਦਰਜ ਕਰਵਾ ਸਕਦਾ/ਸਕਦੀ ਹੈ।

5. ਕੇਵਲ ਉਹੀ ਨੰਬਰ, ਜਿਨ੍ਹਾਂ ਦੇ ਸਾਹਮਣੇ ਨੰਬਰ ਲੱਗੀਆਂ ਸੂਚੀਆਂ ਵਿਚ ਨਾਮ ਦਰਜ ਹੋਣਗੇ, ਬਿਲਾਂ ਅਤੇ ਮਤਿਆਂ ਦੀ ਪਹਿਲਤਾ ਦਾ ਨਿਰਣਾ ਕਰਨ ਲਈ ਬੈਲਟ ਕੀਤੇ ਜਾਣਗੇ।

Superintendent
Punjab Vidhan Sabha
Chandigarh

ਪਰਤੋ ਜੀ...

6. ਐਪਰ, ਮੈਂਬਰਾਂ ਲਈ ਇਹ ਜ਼ਰੂਰੀ ਨਹੀਂ ਕਿ ਉਹ ਆਪ ਆਪਣੇ ਨਾਮ ਨੰਬਰ ਲੱਗੀ ਲਿਸਟ ਵਿਚ ਆਪ ਆ ਕੇ ਦਰਜ ਕਰਨ। ਉਹ ਸਕੱਤਰ ਨੂੰ ਜਾਂ ਕਿਸੇ ਹੋਰ ਵਿਅਕਤੀ ਨੂੰ ਇਸ ਸਬੰਧੀ ਉਨ੍ਹਾਂ ਵਲੋਂ ਨਾਮ ਦਰਜ ਕਰਨ ਦਾ ਅਧਿਕਾਰ ਦੇ ਸਕਦੇ ਹਨ।

7. ਉਨ੍ਹਾਂ ਬਿਲਾਂ ਦੀ, ਜਿਨ੍ਹਾਂ ਸਬੰਧੀ ਪੇਸ਼ ਕੀਤੇ ਜਾਣ ਦੀ ਆਗਿਆ ਮੰਗੀ ਜਾਣੀ ਹੈ ਕ੍ਰਮਵਾਰ ਪਹਿਲਤਾ ਦਾ ਨਿਰਣਾ ਕਰਨ ਲਈ ਬੁੱਧਵਾਰ, 19 ਫਰਵਰੀ, 2020 ਨੂੰ ਸਕੱਤਰ ਦੇ ਕਮਰੇ ਵਿਚ 11.00 ਵਜੇ ਸਵੇਰੇ ਪਰਚੀਆਂ ਪਾਈਆਂ ਜਾਣਗੀਆਂ ਅਤੇ ਮਤਿਆਂ ਸਬੰਧੀ ਪਰਚੀਆਂ ਉਸ ਤੋਂ ਤੁਰੰਤ ਬਾਅਦ ਪਾਈਆਂ ਜਾਣਗੀਆਂ।

8. ਇਹ ਜ਼ਰੂਰੀ ਨਹੀਂ ਕਿ ਮੈਂਬਰ ਪਰਚੀਆਂ ਪਾਉਣ ਸਮੇਂ ਆਪ ਹਾਜ਼ਰ ਹੋਣ। ਉਹ ਉਸ ਤਰਤੀਬ ਦੀ ਸੂਚਨਾ ਦੇ ਸਕਦੇ ਹਨ ਜਿਸ ਵਿਚ ਉਹ ਆਪਣੇ ਬਿਲਾਂ/ਮਤਿਆਂ ਨੂੰ ਪਹਿਲਤਾ ਦਿਵਾਉਣਾ ਚਾਹੁੰਦੇ ਹਨ । ਇਸ ਸਬੰਧ ਵਿਚ ਕੋਈ ਸੂਚਨਾ ਨਾ ਮਿਲਣ ਦੀ ਸੂਰਤ ਵਿਚ ਉਨ੍ਹਾਂ ਦੀ ਪਰਵਾਨਗੀ ਦੀਆਂ ਤਰੀਕਾਂ ਦੇ ਆਧਾਰ ਤੇ ਕਾਰਵਾਈ ਕੀਤੀ ਜਾਵੇਗੀ।

**ਚੰਡੀਗੜ੍ਹ:**
11 **ਫਰਵਰੀ,** 2020

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ।

ਸੇਵਾ ਵਿਚ

**ਪੰਜਾਬ ਵਿਧਾਨ ਸਭਾ ਦੇ ਸਮੂਹ ਮੈਂਬਰ ਸਾਹਿਬਾਨ ।**

---

**ਨੰ: 20-ਐਲ ਏ-2020/2475, ਮਿਤੀ ਚੰਡੀਗੜ੍ਹ, 11 ਫਰਵਰੀ, 2020**

ਕਾਪੀ ਨਿਮਨਲਿਖਤ ਨੂੰ ਸੂਚਨਾ ਲਈ ਭੇਜੀ ਜਾਂਦੀ ਹੈ:

1. ਮੁੱਖ ਸਕੱਤਰ, ਪੰਜਾਬ ਸਰਕਾਰ;
2. ਸਾਰੇ ਵਧੀਕ ਮੁੱਖ ਸਕੱਤਰ/ ਵਿੱਤ ਕਮਿਸ਼ਨਰ/ ਪ੍ਰਮੁੱਖ ਸਕੱਤਰ/ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ;
3. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸੰਸਦੀ ਮਾਮਲਿਆਂ ਦਾ ਵਿਭਾਗ (ਚਾਰ ਵਾਧੂ ਕਾਪੀਆਂ ਸਮੇਤ); ਅਤੇ
4. ਅਧੀਨ ਸਕੱਤਰ, ਪੰਜਾਬ ਸਰਕਾਰ, ਆਮ ਪ੍ਰਸ਼ਾਸਨ (ਨਾਂ ਤੇ) ਪ੍ਰਬੰਧਕੀ ਸਕੱਤਰਾਂ ਅਧੀਨ ਵੱਖ- ਵੱਖ ਸ਼ਾਖਾਵਾਂ ਨੂੰ ਵੰਡਣ ਲਈ 180 ਵਾਧੂ ਕਾਪੀਆਂ ਸਮੇਤ।

Superintendent
Punjab Vidhan Sabha
Chandigarh

ਅਧੀਨ ਸਕੱਤਰ,
ਵਾਸਤੇ ਸਕੱਤਰ।